# THE PUNJAB STATE BOARD OF TECHNICAL EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


ਨੰ:-ਆਈ.ਟੀ./ਸੈਂਟਰ-ਜੁਲਾਈ2017/1554 ਅਤਿ ਜਰੂਰੀ/ਸਮਾਂਬੱਧ ਮਿਤੀ:- 21.6.17

ਸੇਵਾ ਵਿਖੇ

ਪ੍ਰਿੰਸੀਪਲ/ਮੁਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ
ਪੰਜਾਬ ਰਾਜ ਅਧੀਨ।

ਵਿਸ਼ਾ: ਐਨ.ਸੀ.ਵੀ.ਟੀ. ਪ੍ਰੀਖਿਆ ਜੁਲਾਈ-2017 ਲਈ ਪ੍ਰੀਖਿਆ ਕੇਂਦਰ ਅਲਾਟ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਐਨ.ਸੀ.ਵੀ.ਟੀ. ਪ੍ਰੀਖਿਆ ਜੁਲਾਈ-2017 ਲਈ 155 ਪ੍ਰੀਖਿਆ ਕੇਂਦਰ ਅਲਾਟ ਕੀਤੇ ਗਏ ਹਨ। ਇਹ ਸੈਂਟਰ ਲਿਸਟ ਬੋਰਡ ਦੇ ਵੈਬਸਾਇਟ ਤੇ ਪਾਉਂਦੇ ਹੋਏ ਸਮੂਹ ਸੰਸਥਾਵਾਂ ਨੂੰ ਹੇਠ ਦਰਸਾਏ ਅਨੁਸਾਰ ਕਾਰਵਾਈ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ:-

1. ਸੰਸਥਾ ਦੁਆਰਾ ਆਪਣਾ ਡੀ.ਜੀ.ਟੀ. ਨਵੀਂ ਦਿੱਲੀ ਵਲੋਂ ਜਾਰੀ ਕੋਡ ਚੈਕ ਕਰ ਲਿਆ ਜਾਵੇ।
2. ਜਿਨ੍ਹਾਂ ਵੀ ਸੰਸਥਾਵਾਂ ਦੇ ਸਿਖਿਆਰਥੀ ਜੁਲਾਈ 2017 ਦੀ ਪ੍ਰੀਖਿਆ ਵਿੱਚ ਅਪੀਅਰ ਹੋਣ ਜਾ ਰਹੇ ਹਨ ਉਹਨਾਂ ਦੁਆਰਾ ਚੈਕ ਕਰ ਲਿਆ ਜਾਵੇ ਕਿ ਉਹਨਾਂ ਦਾ ਨਾਮ ਸੈਂਟਰ ਲਿਸਟ ਵਿੱਚ ਹੋਵੇ।
3. ਸਮੂਹ ਪ੍ਰੀਖਿਆ ਕੇਂਦਰ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਅੰਦਾਜਨ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਉਸੇ ਅਨੁਸਾਰ ਸੁਚੱਜੇ ਢੰਗ ਨਾਲ ਅਤੇ ਨਿਰਵਿਘਨ ਪ੍ਰੀਖਿਆ ਕੰਡਕਟ ਕਰਵਾਉਣ ਲਈ ਲੋੜੀਂਦੇ ਸਟਾਫ/ਫਰਨੀਚਰ/infrastructure/machinery - ਆਦਿ ਦਾ ਪੁਖਤਾ ਇੰਤਜਾਮ ਆਪਣੇ ਪੱਧਰ ਤੇ ਕਰਨਾ ਯਕੀਨੀ ਬਨਾਉਣ।
4. ਇਸ ਤੋਂ ਇਲਾਵਾ ਜਿਨ੍ਹਾਂ ਸੰਸਥਾਵਾਂ ਦੇ ਪ੍ਰੀਖਿਆ ਸੈਂਟਰ ਦੂਜੀਆਂ ਸੰਸਥਾਵਾਂ ਵਿੱਚ ਬਣਾਏ ਗਏ ਹਨ, ਉਹ ਸੰਸਥਾਵਾਂ ਐਨ.ਸੀ.ਵੀ.ਟੀ. ਪ੍ਰੀਖਿਆ ਜੁਲਾਈ-2017 ਵਿੱਚ ਅਪੀਅਰ ਹੋਣ ਵਾਲੇ ਰੈਗੂਲਰ ਅਤੇ ਰੀਅਪੀਅਰ ਸਿਖਿਆਰਥੀਆਂ ਦੀ ਗਿਣਤੀ ਬਾਰੇ ਪ੍ਰੀਖਿਆ ਕੇਂਦਰਾਂ ਨੂੰ ਸੂਚਿਤ ਕਰਨਾ ਯਕੀਨੀ ਬਨਾਉਣ।

ਉਪਰੋਕਤ ਸਬੰਧੀ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦੇ ਸਨਮੁੱਖ ਮਿਤੀ:-22-6-2017 ਦੁਪਹਿਰ 2 ਵਜੇ ਤੱਕ ਟੈਲੀਫੋਨੀਕਲੀ ਬੋਰਡ ਦਫਤਰ ਦੇ ਧਿਆਨ ਵਿੱਚ ਯੋਗ ਕਾਰਵਾਈ ਹਿਤ ਲਿਆਉਣਾ ਯਕੀਨੀ ਬਣਾਇਆ ਜਾਵੇ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਐਡਮਿਨ ਅਫਸਰ
3. ਸਿਸਟਮ ਐਡਮਿਨਸਟਰੇਟਰ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾਸਤੇ ਸਕੱਤਰ